# ਭਾਅ ਜੀ ਗੁਰਸ਼ਰਨ ਸਿੰਘ ਦਾ ਲੋਕ-ਰੰਗਮੰਚ ਤੇ ਜੀਵਨ-ਘਾਲਣਾ

ਪ੍ਰੋ. ਏ.ਕੇ. ਮਲੇਰੀ

27 ਸਤੰਬਰ 2011 ਦੀ ਰਾਤ ਪੰਜਾਬ ਦੀਆਂ ਲੋਕਪੱਖੀ ਸਾਹਿਤਕ, ਸਮਾਜਿਕ ਤੇ ਸਭਿਆਚਾਰਕ ਜਥੇਬੰਦੀਆਂ ਲਈ ਬੜੇ ਕਹਿਰ ਦੀ ਰਾਤ ਸੀ ਜਦੋਂ ਸਾਡੇ ਸਮਿਆਂ ਦਾ ਯੁੱਗ-ਪੁਰਸ਼ ਤੇ ਲੋਕਨਾਇਕ ਭਾਅ ਜੀ ਗੁਰਸ਼ਰਨ ਸਿੰਘ ਸਦੀਵੀ ਅਲਵਿਦਾ ਕਹਿ ਗਿਆ ਸੀ।

ਲੋਕ-ਪੱਖੀ ਇਨਕਲਾਬੀ ਰੰਗਮੰਚ ਦੇ ਪਿਤਾਮਾ, ਭਾਅ ਜੀ ਗੁਰਸ਼ਰਨ ਸਿੰਘ ਸੱਚਮੁੱਚ ਸਾਡੇ ਸਮਿਆਂ ਦੀ ਸਭ ਤੋਂ ਸਤਿਕਾਰਤ, ਸਭਿਆਚਾਰਕ, ਸਾਹਿਤਕ ਤੇ ਸੰਗਰਾਮੀ ਸ਼ਖ਼ਸੀਅਤ ਸਨ। ਇਨ੍ਹਾਂ ਦੀਆਂ ਸਰਗਰਮੀਆਂ 'ਪੰਜਾਬ ਲੋਕ ਸਭਿਆਚਾਰਕ ਮੰਚ' ਦੇ ਬਾਨੀ ਪ੍ਰਧਾਨ, "ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ" ਵਿਚ ਭਾਰਤ ਦੇ ਮੈਂਬਰ, "ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ" ਦੇ ਕਨਵੀਨਰ, "ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ" ਦੇ ਸੰਸਥਾਪਕ, 'ਸਮਤਾ' ਤੇ 'ਸਰਦਲ' ਵਰਗੇ ਨਾਮੀ ਪਰਚਿਆਂ ਦੇ ਸੰਪਾਦਕ ਹੋਣ ਤੱਕ ਜਾਂ ਲੋਕ-ਪੱਖੀ ਪੰਜਾਬੀ ਰੰਗਮੰਚ ਤੱਕ ਹੀ ਸੀਮਿਤ ਨਹੀਂ ਸਨ ਬਲਕਿ ਉਨ੍ਹਾਂ ਦਾ ਸਮੁੱਚਾ ਜੀਵਨ ਤੇ ਘਾਲਣਾ ਹੁਣ ਇਕ 'ਵਿਚਾਰ'—ਇਕ idea ਬਣ ਚੁੱਕਾ ਸੀ।

ਭਾਅ ਜੀ ਗੁਰਸ਼ਰਨ ਸਿੰਘ ਇਕ ਅਸਾਧਾਰਨ ਪ੍ਰਤਿਭਾ ਵਾਲੀ ਬਹੁਪੱਖੀ ਸ਼ਖ਼ਸੀਅਤ ਸਨ ਤੇ ਔਖੇ ਪੈਂਡਿਆਂ ਦੇ ਬੇਖੌਫ਼ ਰਾਹੀ। ਸਮੇਂ ਦੇ ਹਾਕਮ ਉਨ੍ਹਾਂ ਦੀ ਬੁਲੰਦ ਸ਼ਖ਼ਸੀਅਤ ਤੋਂ ਘਬਰਾਉਂਦੇ ਸਨ। ਪੰਜਾਬ ਵਿਚ ਅੱਤਵਾਦ ਦੇ ਕਾਲੇ ਦਿਨਾਂ ਵਿਚ ਉਨ੍ਹਾਂ ਨੇ ਆਪਣੇ ਨਾਟਕਾਂ ਰਾਹੀਂ ਇਸ ਲਹਿਰ ਦੇ ਨਾਕਾਰਾਤਮਿਕ ਪਹਿਲੂਆਂ, ਸੱਤਾਧਾਰੀਆਂ ਦੀਆਂ ਲੋਕ-ਵਿਰੋਧੀ ਨੀਤੀਆਂ; ਝੂਠੇ ਪੁਲਿਸ ਮੁਕਾਬਲਿਆਂ ਤੇ ਲੋਕ-ਦੋਖੀ ਰਾਜਨੀਤਿਕ ਪਾਰਟੀਆਂ ਦੇ ਕਿਰਦਾਰ ਨੂੰ ਨੰਗਾ ਕੀਤਾ। ਪੰਜਾਬੀ ਰੰਗਮੰਚ ਨੂੰ ਸ਼ਹਿਰਾਂ ਦੀਆਂ ਵੱਡੀਆਂ ਤੇ ਮਹਿੰਗੀਆਂ ਸਟੇਜਾਂ ਤੋਂ ਕੱਢ ਕੇ ਪਿੰਡਾਂ ਦੀਆਂ ਸੱਥਾਂ ਤੇ ਚੌਰਸਤਿਆਂ ਵਿਚ ਲਿਆਂਦਾ ਅਤੇ ਦਲਿਤਾਂ, ਕਿਸਾਨਾਂ, ਮਜ਼ਦੂਰਾਂ ਵਿਚ ਇਸ ਭ੍ਰਿਸ਼ਟ ਤੇ ਤਰੱਕੇ ਹੋਏ ਨਿਜ਼ਾਮ ਨੂੰ ਬਦਲਣ ਲਈ ਇਕ ਨਵੀਂ ਇਨਕਲਾਬੀ ਚੇਤਨਾ ਪੈਦਾ ਕੀਤੀ।

ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਜਿਸ ਨਾਟਕ ਵਿਚ ਕੋਈ ਸੁਨੇਹਾ ਨਹੀਂ, ਜਿਹੜਾ ਨਾਟਕ ਸਮਾਜਿਕ ਸਰੋਕਾਰਾਂ ਦੀ ਗੱਲ ਨਹੀਂ ਕਰਦਾ, ਉਸ ਨਾਟਕ ਦਾ ਕੀ ਫ਼ਾਇਦਾ? ਆਪਣੀ ਕਲਾ, ਆਪਣੇ ਭਾਸ਼ਨਾਂ ਤੇ ਆਪਣੇ ਨਾਟਕਾਂ ਨੂੰ ਉਨ੍ਹਾਂ ਨੇ ਦੱਬੇ-ਕੁਚਲੇ ਤੇ ਮਿਹਨਤੀ ਲੋਕਾਂ ਦੀ ਮੁਕਤੀ ਲਈ ਇਕ ਹਥਿਆਰ ਵਜੋਂ ਵਰਤਿਆ। ਇਹ ਗੱਲ ਉਨ੍ਹਾਂ ਦੇ ਸਭ ਨਾਟਕਾਂ ਵਿਚ ਦੇਖੀ ਜਾ ਸਕਦੀ ਹੈ ਜਿਵੇਂ 'ਇਹ ਲਹੂ ਕਿਸਦਾ ਹੈ?' 'ਕਿਵ ਕੂੜੇ ਤੁਟੈ ਪਾਲਿ', 'ਜਿਨ ਸਚਿ ਪਲੈ ਹੋਇ', 'ਜੰਗੀ ਰਾਮ ਦੀ ਹਵੇਲੀ', 'ਟੋਆ', 'ਧਮਕ ਨਗਾਰੇ ਦੀ',

'ਨਵਾਂ ਜਨਮ', 'ਮਿੱਟੀ ਦਾ ਮੁੱਲ', 'ਇਨਕਲਾਬ ਜ਼ਿੰਦਾਬਾਦ' ਆਦਿ।

ਥੋੜ੍ਹੇ ਸ਼ਬਦਾਂ ਵਿਚ ਇਹ ਗੱਲ ਕਹਿਣੀ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਥੀਏਟਰ ਭਾਅ ਜੀ ਦਾ ਜਨੂੰਨ ਸੀ ਤੇ ਇਸ ਨਾ-ਬਰਾਬਰੀ ਵਾਲੇ ਸਮਾਜ ਵਿਚ ਇਨਕਲਾਬ ਸੀ ਉਨ੍ਹਾਂ ਦੀ ਇਬਾਦਤ। ਉਨ੍ਹਾਂ ਦੀ ਪ੍ਰੇਰਨਾ ਸਦਕਾ ਸਾਡੇ ਵੱਡੇ ਨਾਟਕਕਾਰਾਂ ਪ੍ਰੋ. ਅਜਮੇਰ ਸਿੰਘ ਔਲਖ, ਡਾ. ਆਤਮਜੀਤ, ਕੇਵਲ ਧਾਲੀਵਾਲ ਤੇ ਹੋਰਾਂ ਨੇ ਗੁਰਸ਼ਰਨ ਸਿੰਘ ਦੀ ਨਾਟਕੀ ਪਰੰਪਰਾ ਦਾ ਝੰਡਾ ਬੁਲੰਦ ਕੀਤਾ ਹੈ। ਭਾਅ ਜੀ ਦੀ ਪ੍ਰੇਰਨਾ ਹੀ ਹੈ ਕਿ ਪੰਜਾਬ ਤੇ ਚੰਡੀਗੜ੍ਹ ਵਿਚ 20 ਦੇ ਕਰੀਬ ਨਾਟਕ-ਟੋਲੀਆਂ ਪੂਰੀ ਤਨ-ਦੇਹੀ ਤੇ ਸਮਰਪਣ ਨਾਲ ਉਨ੍ਹਾਂ ਵੱਲੋਂ ਵਿੱਢੇ ਸੰਘਰਸ਼ ਨੂੰ ਅੱਗੇ ਤੋਰ ਰਹੀਆਂ ਹਨ।

2006 ਵਿਚ ਪਿੰਡ ਕੁੱਸਾ ਵਿਖੇ ਉਨ੍ਹਾਂ ਦੀ ਜਮਹੂਰੀ ਇਨਕਲਾਬੀ ਲਹਿਰ ਤੇ ਥੀਏਟਰ ਵਿਚ ਪਾਏ ਅਥਾਹ ਯੋਗਦਾਨ ਸਦਕਾ ਉਨ੍ਹਾਂ ਨੂੰ 'ਇਨਕਲਾਬੀ ਨਿਹਚਾ ਸਨਮਾਨ' ਨਾਲ ਸਨਮਾਨਿਤ ਕੀਤਾ ਗਿਆ। ਅੱਜ ਜਦੋਂ ਸਾਮਰਾਜੀ ਸਭਿਆਚਾਰ ਤੇ ਸਭਿਆਚਾਰਕ ਰਾਸ਼ਟਰਵਾਦ ਨੇ ਆਮ ਲੋਕਾਂ 'ਤੇ ਵੱਡੇ ਪੱਧਰ ਦਾ ਹੱਲਾ ਬੋਲਿਆ ਹੋਇਆ ਹੈ ਤਾਂ ਪੰਜਾਬ ਦੀ ਜਮਹੂਰੀ ਲਹਿਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਬੜੀ ਸ਼ਿੱਦਤ ਨਾਲ ਇਸ ਸਭਿਆਚਾਰ ਨੂੰ ਪਛਾੜਨ ਲਈ ਇਕਮੁੱਠ ਹੋ ਕੇ ਹੱਲਾ ਬੋਲੇ। ਗੁਰਸ਼ਰਨ ਭਾਅ ਜੀ ਨੂੰ ਇਹੀ ਇਕ ਸੱਚੀ ਸ਼ਰਧਾਂਜਲੀ ਹੋਵੇਗੀ।

098557-00310